# ਪ੍ਰਦੇਸ਼ੀਕ ਖਬਰਾਂ

## ਆਕਸ਼ਵਣੀ ਜਲੰਧਰ

**18-20**

**ਮਿਤੀ 05-12-2025**

## ਪਹਿਲਾ ਇਸ ਬੁਲੇਟਿਨ ਦੀਆਂ ਖਾਸ ਖਬਰਾਂ

- ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਲੋਂ DGCA ਦੇ ਫਲਾਈਟ ਡਿਊਟੀ ਸਮਾਂ ਸੀਮਾ ਆਦੇਸ਼ਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਲਤਵੀ ਕੀਤਾ ਗਿਆ । ਇੰਡੀਗੋ ਉਡਾਣਾਂ ਦੇ ਸੰਚਾਲਨ'ਚ ਆਏ ਵਿਘਨ ਦੀ ਸਮੀਖਿਆ ਲਈ ਸਰਕਾਰ ਵਲੋਂ ਚਾਰ ਮੈਂਬਰੀ ਕਮੇਟੀ ਦਾ ਗਠਨ ।
- ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਕਹਿਣਾ ਏ ਕਿ ਕਿਸਾਨਾਂ ਦੀ ਭਲਾਈ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਏ ।

- ਪੰਜਾਬ ਅਤੇ ਹਰਿਆਣਾ ਰਾਜ ਭਵਨਾਂ ਦੇ ਨਾਂ ਅਧਿਕਾਰਤ ਤੌਰ 'ਤੇ ਬਦਲ ਕੇ ਲੋਕ ਭਵਨ ਕਰ ਦਿੱਤੇ ਗਏ ਨੇ.
- ਪੰਜਾਬ ਭਰ ਦੀਆਂ ਜੇਲ੍ਹਾਂ ਵਿੱਚ ਕਿੱਤਾ ਮੁਖੀ ਪਹਿਲ ਕਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਭਲਕੇ ਇੱਕ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਏਗੀ.

- ਮੌਸਮ ਵਿਭਾਗ ਨੇ ਅੱਜ ਪੰਜਾਬ ਅਤੇ ਹਰਿਆਣਾ ਵਿੱਚ ਸੀਤ ਲਹਿਰ ਦੀ ਪੇਸ਼ੀਨਗੋਈ ਕੀਤੀ ਏ। ਹਿਮਾਚਲ ਪ੍ਰਦੇਸ਼ 'ਚ ਵੀ ਕੁਝ ਥਾਵਾਂ 'ਤੇ ਧੁੰਦ ਪੈਣ ਦੀ ਸੰਭਾਵਨਾ ਏ।
- ਮਰਦਾਂ ਦੇ FIH ਹਾਕੀ ਜੂਨੀਅਰ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿੱਚ ਅੱਜ ਚੇਨਈ ਵਿੱਚ, ਭਾਰਤ ਦਾ ਮੁਕਾਬਲਾ ਬੈਲਜੀਅਮ ਨਾਲ ਹੋਵੇਗਾ। ਇਹ ਮੈਚ ਰਾਤ 8 ਵਜੇ ਸ਼ੁਰੂ ਹੋਵੇਗਾ।

----------------------------------------------------------------------

**ਹੁਣ ਖਬਰਾਂ ਵਿਸਥਾਰ ਨਾਲ**

----------------------------------------------------------------------

ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਅੱਜ ਕਿਹਾ ਏ ਕਿ DGCA ਦੇ ਫਲਾਈਟ ਡਿਊਟੀ ਸਮਾਂ ਸੀਮਾ ਆਦੇਸ਼ਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਲਤਵੀ ਕਰ ਦਿੱਤਾ ਗਿਆ ਏ।
ਇੰਡੀਗੋ ਦੀ ਸੇਵਾ ‘ਚ ਆਏ ਵਿਘਨ 'ਤੇ ਇੱਕ ਬਿਆਨ ਵਿੱਚ, ਕੇਂਦਰੀ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਚੱਲ ਰਹੇ ਵਿਘਨ ਇਨਫਲਾਈਟ ਸ਼ਡਿਊਲ, ਖਾਸ ਕਰਕੇ ਇੰਡੀਗੋ ਏਅਰਲਾਈਨਜ਼ ਦੇ ਵਿਘਨ ਦੇ ਹੱਲ ਲਈ ਤੁਰੰਤ ਅਤੇ ਸਰਗਰਮ ਉਪਾਅ ਕੀਤੇ ਨੇ. ਉਨ੍ਹਾਂ ਅੱਗੇ ਕਿਹਾ ਕਿ ਇਹ ਫੈਸਲਾ ਸਿਰਫ਼ ਮੁਸਾਫ਼ਿਰਾਂ, ਖਾਸ ਕਰਕੇ ਬਜ਼ੁਰਗ

ਨਾਗਰਿਕਾਂ, ਵਿਦਿਆਰਥੀਆਂ, ਮਰੀਜ਼ਾਂ ਅਤੇ ਹੋਰਾਂ ਦੇ ਹਿੱਤ ਵਿੱਚ ਲਿਆ ਗਿਆ ਏ ਜੋ ਜ਼ਰੂਰੀ ਜ਼ਰੂਰਤਾਂ ਲਈ ਸਮੇਂ ਸਿਰ ਹਵਾਈ ਸਫ਼ਰ 'ਤੇ ਨਿਰਭਰ ਕਰਦੇ ਨੇ. ਇਸ ਤੋਂ ਇਲਾਵਾ, ਇਹ ਯਕੀਨੀ ਬਣਾਉਣ ਲਈ ਸੰਚਾਲਨ ਸੰਬੰਧੀ ਕਈ ਨਿਰਦੇਸ਼ ਦਿੱਤੇ ਗਏ ਨੇ ਕਿ ਹਵਾਈ ਕੰਪਨੀ ਦੀਆਂ ਸੇਵਾਵਾਂ ਜਲਦ ਤੋਂ ਜਲਦ, ਆਮ ਵਾਂਗ ਬਹਾਲ ਕੀਤੀਆਂ ਜਾਣ ਅਤੇ ਮੁਸਾਫ਼ਿਰਾਂ  ਨੂੰ ਹੋਣ ਵਾਲੀ ਪਰੇਸ਼ਾਨੀ ਨੂੰ ਕਾਫ਼ੀ ਘੱਟ ਕੀਤਾ ਜਾਵੇ। ਇਨ੍ਹਾਂ ਨਿਰਦੇਸ਼ਾਂ ਦੇ ਤੁਰੰਤ ਲਾਗੂ ਹੋਣ ਨਾਲ, ਇਹ ਉਮੀਦ ਕੀਤੀ ਜਾਂਦੀ ਏ ਕਿ ਫਲਾਈਟ ਸ਼ਡਿਊਲ ਕੱਲ੍ਹ ਤੱਕ ਸਥਿਰ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਆਮ ਵਾਂਗ ਵਾਪਸ ਆ ਜਾਵੇਗਾ। ਸੇਵਾਵਾਂ ਦੀ ਪੂਰੀ ਬਹਾਲੀ ਅਗਲੇ ਤਿੰਨ ਦਿਨਾਂ ਦੇ ਅੰਦਰ ਹੋਏਗੀ. ਇਸ ਤੋਂ ਇਲਾਵਾ, ਹਵਾਈ ਕੰਪਨੀਆਂ ਨੂੰ ਵਧਾਈਆਂ ਗਈਆਂ ਔਨਲਾਈਨ ਜਾਣਕਾਰੀ ਪ੍ਰਣਾਲੀਆਂ ਰਾਹੀਂ ਨਿਯਮਤ ਅਤੇ ਸਹੀ ਅਪਡੇਟ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਨੇ, ਜਿਸ ਨਾਲ ਮੁਸਾਫ਼ਿਰ ਆਪਣੇ ਘਰਾਂ ਤੋਂ ਅਸਲ-ਸਮੇਂ ਦੀ ਉਡਾਣ ਸਥਿਤੀ ਦੀ ਨਿਗਰਾਨੀ ਕਰ ਸਕਣ। ਹਵਾਈ ਕੰਪਨੀਆਂ ਨੂੰ ਨਿਰਦੇਸ਼ ਦਿੱਤੇ ਗਏ ਨੇ ਕਿ ਉਹ ਕਿਸੇ ਵੀ ਉਡਾਣ ਦੇ ਰੱਦ ਹੋਣ ਦੀ ਸਥਿਤੀ ਵਿੱਚ ਮੁਸਾਫ਼ਿਰਾਂ ਵਲੋਂ, ਕੋਈ ਬੇਨਤੀ ਕਰਨ ਦੀ ਲੋੜ ਤੋਂ ਬਿਨਾਂ ਹੀ ਆਪਣੇ ਆਪ ਹੀ ਪੂਰਾ ਰਿਫੰਡ ਜਾਰੀ ਕਰਨ. ਬਜ਼ੁਰਗ ਨਾਗਰਿਕਾਂ ਅਤੇ ਦੀਵਿਆਂਗਾਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਏ । ਉਨ੍ਹਾਂ ਲਈ ਆਰਾਮਦਾਇਕ ਸਫ਼ਰ

ਯਕੀਨੀ ਬਣਾਉਣ ਲਈ ਲਾਉਂਜ ਪਹੁੰਚ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਮੰਤਰਾਲੇ ਨੇ ਇੱਕ 24 ਘੰਟੇ ਚਲਣ ਵਾਲਾ ਕੰਟਰੋਲ ਰੂਮ ਕਾਇਮ ਕੀਤਾ ਏ ਜੋ ਤੁਰੰਤ ਸੁਧਾਰਾਤਮਕ ਕਾਰਵਾਈ, ਪ੍ਰਭਾਵਸ਼ਾਲੀ ਤਾਲਮੇਲ ਅਤੇ ਸਮੱਸਿਆਵਾਂ ਦੇ ਤੁਰੰਤ ਹੱਲ ਨੂੰ ਯਕੀਨੀ ਬਣਾਉਣ ਲਈ ਅਸਲ-ਸਮੇਂ ਦੇ ਅਧਾਰ 'ਤੇ ਸਥਿਤੀ ਦੀ ਨਿਗਰਾਨੀ ਕਰ ਰਿਹਾ ਏ । ਕੰਟ੍ਰੋਲ room ਦੇ ਨੰਬਰ ਨੇ 011-24-693-963, ਅਤੇ 09-650-391-859.

ਇਸ ਦੌਰਾਨ ਇੰਡੀਗੋ ਉਡਾਣਾਂ ਦੇ ਸੰਚਾਲਨ ਵਿੱਚ ਆਏ ਵਿਘਨ ਪਿਛੇ ਜਿੰਮੇਵਾਰ ਸਥਿਤੀਆਂ ਦੀ ਵਿਆਪਕ ਸਮੀਖਿਆ ਲਈ ਸਰਕਾਰ ਵਲੋਂ ਇੱਕ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਏ । ਇਹ ਕਮੇਟੀ 15 ਦਿਨਾਂ ਦੇ ਅੰਦਰ ਰਿਪੋਰਟ ਪੇਸ਼ ਕਰੇਗੀ।

---

ਸਰਕਾਰ ਨੇ ਅੱਜ ਕਿਹਾ ਏ ਕਿ ਕਿਸਾਨਾਂ ਦੀ ਭਲਾਈ ਉਸਦੀ ਸਭ ਤੋਂ ਵੱਡੀ ਤਰਜੀਹ ਏ । ਅੱਜ ਪ੍ਰਸ਼ਨ ਕਾਲ ਦੌਰਾਨ ਰਾਜ ਸਭਾ ਵਿੱਚ ਜ਼ਿਮਨੀ ਸਵਾਲਾਂ ਦੇ ਜਵਾਬ ਦਿੰਦਿਆਂ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ, ਖੇਤੀਬਾੜੀ ਭਾਰਤੀ ਆਰਥਿਕਤਾ ਦੀ ਰੀੜ੍ਹ ਏ. ਉਨ੍ਹਾਂ ਕਿਹਾ ਕਿ, ਮੋਦੀ ਸਰਕਾਰ ਨੇ ਤਿੰਨੋਂ ਕੰਮ ਉਤਪਾਦਨ

ਵਧਾਉਣਾ, ਲਾਗਤ ਘਟਾਉਣਾ ਅਤੇ ਉਪਜ ਲਈ ਉਚਿਤ ਕੀਮਤਾਂ ਯਕੀਨੀ ਬਣਾਉਣਾ, ਪੂਰੇ ਕੀਤੇ ਨੇ, ਸ਼੍ਰੀ ਚੌਹਾਨ ਨੇ ਕਿਹਾ ਕਿ, ਯੂ.ਪੀ.ਏ. ਸਰਕਾਰ ਨੇ ਸਵਾਮੀਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਨਹੀਂ ਕੀਤਾ, ਪਰ ਐਨ.ਡੀ.ਏ. ਸਰਕਾਰ ਨੇ ਫੈਸਲਾ ਕੀਤਾ ਕਿ ਘੱਟੋ-ਘੱਟ ਸਮਰਥਨ ਮੁੱਲ, ਐਮ.ਐੱਸ.ਪੀ., ਲਾਗਤ ਵਿੱਚ 50 ਫੀਸਦੀ ਮੁਨਾਫ਼ਾ ਮਾਰਜਨ ਜੋੜ ਕੇ ਤੈਅ ਕੀਤਾ ਜਾਵੇਗਾ-

byte – SHIVRAJ

---

ਪੰਜਾਬ ਅਤੇ ਹਰਿਆਣਾ ਰਾਜ ਭਵਨਾਂ ਦੇ ਨਾਂ ਅਧਿਕਾਰਤ ਤੌਰ 'ਤੇ ਬਦਲ ਕੇ ਲੋਕ ਭਵਨ ਕਰ ਦਿੱਤੇ ਗਏ ਨੇ. ਇਹ ਗ੍ਰਹਿ ਮੰਤਰਾਲੇ ਦੇ ਇੱਕ ਪੱਤਰ ਤੋਂ ਬਾਅਦ ਕੀਤਾ ਗਿਆ ਏ, ਜਿਸ ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਰਾਜ ਭਵਨਾਂ ਅਤੇ ਰਾਜ ਨਿਵਾਸਾਂ ਦਾ ਨਾਂ ਬਦਲ ਕੇ ਲੋਕ ਭਵਨ ਅਤੇ ਲੋਕ ਨਿਵਾਸ ਕਰਨ ਦਾ ਨਿਰਦੇਸ਼ ਦਿੱਤਾ ਗਿਆ ਏ । ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਦਫ਼ਤਰ ਦਾ ਨਾਂ ਬਦਲ ਕੇ ਸੇਵਾ ਤੀਰਥ ਰੱਖਿਆ ਸੀ।

---

ਪੰਜਾਬ ਭਰ ਦੀਆਂ ਜੇਲ੍ਹਾਂ ਵਿੱਚ ਕਿੱਤਾ ਮੁਖੀ ਪਹਿਲ ਕਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜੇਲ੍ਹ ਵਿਭਾਗ ਪੰਜਾਬ ਅਤੇ ਟੈਕਨੀਕਲ ਐਜੂਕੇਸ਼ਨ ਅਤੇ ਇੰਡਸਟਰੀਅਲ ਟ੍ਰੇਨਿੰਗ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਪ੍ਰੋਗਰਾਮ "ਸਲਾਖ਼ਾਂ ਪਿੱਛੇ ਜ਼ਿੰਦਗੀਆਂ ਦਾ ਸਸ਼ਕਤੀਕਰਨ" : ਜ਼ੇਲ੍ਹ ਨਿਆਂ ਵਿੱਚ ਕ੍ਰਾਂਤੀਕਾਰੀ ਬਦਲਾਅ ਦਾ ਪ੍ਰੋਗਰਾਮ ਉਲੀਕਿਆ ਗਿਆ ਏ। ਇਸ ਪ੍ਰੋਗਰਾਮ ਦਾ ਉਦਘਾਟਨ ਦੇਸ਼ ਦੇ ਚੀਫ ਜਸਟਿਸ ਸੂਰਿਆ ਕਾਂਤ ਵੱਲੋਂ ਭਲਕੇ 6 ਦਸੰਬਰ ਨੂੰ ਸੈਂਟਰਲ ਜੇਲ੍ਹ, ਪਟਿਆਲਾ ਵਿਖੇ ਵੀਡੀਓ ਕਾਨਫਰੰਸ ਰਾਹੀਂ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕੀਤਾ ਜਾਵੇਗਾ। ਇਹ ਪਹਿਲ ਪੰਜਾਬ ਦੀਆਂ ਜੇਲ੍ਹਾਂ ਨੂੰ ਸਿੱਖਿਆ ਅਤੇ ਮੁੜ੍ਹਵਸੇਬੇ ਦੇ ਕੇਂਦਰਾਂ ਵਿੱਚ ਤਬਦੀਲ ਕਰਨ ਦਾ ਇੱਕ ਅਨੋਖਾ ਉਪਰਾਲਾ ਏ, ਜਿਸ ਤਹਿਤ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੇ ਸਹਿਯੋਗ ਨਾਲ ਸੂਬੇ ਦੀਆਂ ਸਾਰੀਆਂ 24 ਜੇਲ੍ਹਾਂ ਵਿੱਚ ਲਗਭਗ 2 ਹਜ਼ਾਰ 500 ਕੈਦੀਆਂ ਨੂੰ ਰਾਸ਼ਟਰੀ ਪੱਧਰ ਦੀ ਪ੍ਰਮਾਣਿਤ ਵੋਕੇਸ਼ਨਲ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਇੱਕ ਮਹੀਨੇ ਦਾ ਰਾਜ ਪੱਧਰੀ ਨਸ਼ਾ ਵਿਰੋਧੀ ਮੁਹਿੰਮ ਦਾ ਵੀ ਰਸਮੀ ਤੌਰ ਤੇ ਚੀਫ਼ ਜਸਟਿਸ ਵੱਲੋਂ ਉਦਘਾਟਨ ਕੀਤਾ ਜਾਵੇਗਾ।

---

ਪੰਜਾਬ ਦੇ ਅੰਮ੍ਰਿਤਸਰ ਦੇ ਇੱਕ ਭਾਰਤੀ ਚਿੱਤਰਕਾਰ, ਡਾ. ਜਗਜੋਤ ਸਿੰਘ ਰੂਬਲ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਸੱਤ ਫੁੱਟ ਉੱਚਾ ਚਿੱਤਰ ਬਣਾਇਆ ਏ ਜਿਸ 'ਤੇ 'Echoes of friendship.'ਭਾਵ 'ਦੋਸਤੀ ਦੀਆਂ ਗੂੰਜਾਂ' ਲਿਖਿਆ ਹੋਇਆ ਏ। ਐਕ੍ਰੀਲਿਕ ਰੰਗਾਂ ਨਾਲ ਕੈਨਵਸ 'ਤੇ ਬਣਾਏ ਗਏ ਇਸ ਚਿੱਤਰ ਨੂੰ ਪੂਰਾ ਕਰਨ ਵਿੱਚ ਓਹਨਾਂ ਨੂੰ 13 ਦਿਨ ਲੱਗੇ। ਓਹਨਾਂ ਕਿਹਾ ਕਿ ਇਹ ਪੰਜਾਬ ਵੱਲੋਂ ਰੂਸੀ ਨੇਤਾ ਦਾ ਭਾਰਤ ਵਿੱਚ ਸਵਾਗਤ ਕਰਨ ਦਾ ਓਹਨਾਂ ਤਰੀਕਾ ਏ ਕਿਉਂਕਿ ਭਾਰਤ ਅਤੇ ਰੂਸ ਦੋਵਾਂ ਦੇ ਲੰਬੇ ਸਮੇਂ ਤੋਂ ਬਹੁਤ ਮਜ਼ਬੂਤ ਸਬੰਧ ਰਹੇ ਨੇ. ਸ਼੍ਰੀ ਰੂਬਲ ਨੇ ਪਹਿਲਾਂ ਭਾਰਤ ਦੇ ਰਾਸ਼ਟਰਪਤੀਆਂ ਅਤੇ ਪ੍ਰਧਾਨ ਮੰਤਰੀਆਂ ਤੋਂ ਇਲਾਵਾ ਭਾਰਤੀ ਫਿਲਮ ਸਨਅਤ ਦੇ ਅਦਾਕਾਰਾਂ ਦੀਆਂ ਪੇਂਟਿੰਗਾਂ ਵੀ ਬਣਾਈਆਂ ਨੇ ਅਤੇ ਇੰਡੀਆ ਬੁੱਕ ਆਫ਼ RECORDS, ਏਸ਼ੀਆ ਬੁੱਕ ਆਫ਼ ਰਿਕਾਰਡਜ਼ ਅਤੇ ਅਮਰੀਕਾ ਬੁੱਕ ਆਫ਼ ਰਿਕਾਰਡਜ਼ ਸਮੇਤ 65 ਵਿਸ਼ਵ ਰਿਕਾਰਡ ਹਾਸਲ ਕੀਤੇ ਨੇ.

---

ਅੱਜ ਪੰਜਾਬ ਵਿੱਚ ਵੱਖ-ਵੱਖ ਕਿਸਾਨ ਸੰਗਠਨਾਂ ਵਲੋਂ ਕੁਝ ਮੰਗਾਂ ਨੂੰ ਲੈ ਕੇ ਰੇਲ ਰੋਕੋ ਅੰਦੋਲਨ ਕੀਤਾ ਗਿਆ. ਉਨ੍ਹਾਂ ਨੇ ਫਿਰੋਜ਼ਪੁਰ ਡਿਵੀਜ਼ਨ ਦੇ 15 ਸਥਾਨਾਂ 'ਤੇ ਵਿਰੋਧ ਪ੍ਰਦਰਸ਼ਨ ਕੀਤੇ। ਹਾਲਾਂਕਿ ਫਿਰੋਜ਼ਪੁਰ ਡਿਵਿਜ਼ਨ ਦੇ ਹਲਕਿਆਂ ਨੇ ਦੱਸਿਆ ਏ ਕਿ, ਵਿਰੋਧ ਪ੍ਰਦਰਸ਼ਨਾਂ ਕਾਰਨ, ਫਿਰੋਜ਼ਪੁਰ ਡਿਵੀਜ਼ਨ ਵਿੱਚ ਕੋਈ ਵੀ ਰੇਲਗੱਡੀ ਰੱਦ ਨਹੀਂ ਕੀਤੀ ਗਈ ਨਾਂ ਹੀ ਕਿਸੇ ਰੇਲਗੱਡੀ ਦਾ ਰਾਹ ਬਦਲਿਆ ਗਿਆ. ਇਹ ਰੇਲਗੱਡੀਆਂ ਸਿਰਫ਼ ਦੇਰੀ ਨਾਲ ਚੱਲੀਆਂ ਅਤੇ ਉਨ੍ਹਾਂ ਹੀ ਥਾਵਾਂ 'ਤੇ ਰੋਕੀਆਂ ਗਈਆਂ ਜਿੱਥੇ ਮੁਸਾਫ਼ਿਰਾਂ ਨੂੰ ਪਰੇਸ਼ਾਨੀ ਦਾ  ਸਾਹਮਣਾ ਨਾ ਕਰਨਾ ਪਵੇ . ਸਟੇਸ਼ਨਾਂ 'ਤੇ ਹੈਲਪ ਡੈਸਕ ਸਥਾਪਤ ਕੀਤੇ ਗਏ ਸਨ ਤਾਂ ਜੋ ਮੁਸਾਫ਼ਿਰਾਂ ਨੂੰ ਪ੍ਰਭਾਵਿਤ ਰੇਲਗੱਡੀਆਂ ਬਾਰੇ ਜਾਣਕਾਰੀ ਦੇਣਾ ਯਕੀਨੀ ਬਣਾਇਆ ਜਾ ਸਕੇ ਅਤੇ ਨਾਲ ਹੀ ਜਨਤਕ ਸੰਬੋਧਨ ਪ੍ਰਣਾਲੀ ਰਾਹੀਂ ਲਗਾਤਾਰ ਐਲਾਨ ਕੀਤੇ ਜਾਂਦੇ ਰਹੇ। ਵਿਰੋਧ ਪ੍ਰਦਰਸ਼ਨ ਖਤਮ ਹੋਣ ਤੋਂ ਬਾਅਦ, ਇਨ੍ਹਾਂ ਰੇਲਗੱਡੀਆਂ ਨੂੰ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਕਰਦੇ ਹੋਏ ਦੁਬਾਰਾ ਚਲਾ ਦਿੱਤਾ ਗਿਆ.

---

ਹਥਿਆਰਬੰਦ ਫੌਜਾਂ ਝੰਡਾ ਦਿਵਸ ਦੇ ਮੌਕੇ ਤੇ ਸਾਡੀਆਂ ਫੌਜਾਂ ਵੱਲੋਂ ਦੇਸ਼ ਦੀ ਰੱਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ, ਅੱਜ ਝੰਡਾ ਦਿਵਸ ਫੰਡ ਇਕੱਠਾ ਕਰਨ ਦੀ ਰਸਮੀ ਸ਼ੁਰੂਆਤ

ਮੁਹਾਲੀ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੂੰ ਟੋਕਨ ਫਲੈਗ ਲਾ ਕੇ ਕੀਤੀ ਗਈ । ਉਨ੍ਹਾਂ ਇਸ ਮੌਕੇ ਕਿਹਾ ਕਿ ਇਹ ਦਿਨ ਵੱਖ-ਵੱਖ ਜੰਗਾਂ ਅਤੇ ਫੌਜੀ ਅਪ੍ਰੇਸ਼ਨਾਂ ਦੌਰਾਨ ਸ਼ਹੀਦ ਹੋਏ ਜਵਾਨਾਂ ਦੇ ਪਰਿਵਾਰਾਂ ਅਤੇ ਜ਼ਖਮੀ ਹੋਏ ਸਾਬਕਾ ਫੌਜੀਆਂ ਨਾਲ ਇੱਕ ਜੁਟਤਾ ਪ੍ਰਗਟ ਕਰਨ ਲਈ ਮਨਾਇਆ ਜਾਂਦਾ ਏ । ਇਸ ਮੌਕੇ ਲੋਕਾਂ ਵੱਲੋਂ ਇਹਨਾਂ ਫੌਜੀਆਂ ਦੀ ਬਹਾਦਰੀ ਅਤੇ ਫੌਜੀ ਪਰਿਵਾਰਾਂ ਦੇ ਸਤਿਕਾਰ ਵਜੋਂ ਦਿਲ ਖੋਲ੍ਹ ਕੇ ਯੋਗਦਾਨ ਦਿੱਤਾ ਜਾਂਦਾ ਏ ਤੇ ਇਕੱਤਰ ਹੋਈ ਰਕਮ, ਸ਼ਹੀਦਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਰਤੀ ਜਾਂਦੀ ਏ ।

-----------------------------------------------------------------------------------

ਮੌਸਮ ਵਿਭਾਗ ਨੇ ਅੱਜ ਪੰਜਾਬ ਅਤੇ ਹਰਿਆਣਾ ਵਿੱਚ ਸੀਤ ਲਹਿਰ ਦੀ ਪੇਸ਼ੀਨਗੋਈ ਕੀਤੀ ਏ। ਹਿਮਾਚਲ ਪ੍ਰਦੇਸ਼ 'ਚ ਵੀ ਕੁਝ ਥਾਵਾਂ 'ਤੇ ਧੁੰਦ ਪੈਣ ਦੀ ਸੰਭਾਵਨਾ ਏ। ਇਸ ਦੌਰਾਨ, ਰਾਸ਼ਟਰੀ ਰਾਜਧਾਨੀ ਦਿੱਲੀ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਹਵਾ ਦੀ ਗੁਣਵੱਤਾ ਬਹੁਤ ਖਰਾਬ ਸ਼੍ਰੇਣੀ ਵਿੱਚ ਬਣੀ ਹੋਈ ਏ।

-----------------------------------------------------------------------------------

ਮਰਦਾਂ ਦੇ FIH ਹਾਕੀ ਜੂਨੀਅਰ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿੱਚ ਅੱਜ ਚੇਨਈ ਵਿੱਚ, ਭਾਰਤ ਦਾ ਮੁਕਾਬਲਾ ਬੈਲਜੀਅਮ ਨਾਲ

ਹੋਵੇਗਾ। ਇਹ ਮੈਚ ਰਾਤ 8 ਵਜੇ ਸ਼ੁਰੂ ਹੋਵੇਗਾ। ਇਸ ਤੋਂ ਪਹਿਲਾਂ, ਭਾਰਤ ਨੇ ਚਿਲੀ, ਓਮਾਨ ਅਤੇ ਸਵਿਟਜ਼ਰਲੈਂਡ ਨੂੰ ਹਰਾਇਆ ਏ।

**ਖਾਸ ਖਬਰਾਂ ਇੱਕ ਵਾਰ ਫੇਰ**

------------------------------------------------------------------------------

- ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਲੋਂ DGCA ਦੇ ਫਲਾਈਟ ਡਿਊਟੀ ਸਮਾਂ ਸੀਮਾ ਆਦੇਸ਼ਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਲਤਵੀ ਕੀਤਾ ਗਿਆ । ਇੰਡੀਗੋ ਉਡਾਣਾਂ ਦੇ ਸੰਚਾਲਨ'ਚ ਆਏ ਵਿਘਨ ਦੀ ਸਮੀਖਿਆ ਲਈ ਸਰਕਾਰ ਵਲੋਂ ਚਾਰ ਮੈਂਬਰੀ ਕਮੇਟੀ ਦਾ ਗਠਨ ।
- ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਕਹਿਣਾ ਏ ਕਿ ਕਿਸਾਨਾਂ ਦੀ ਭਲਾਈ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਏ ।

- ਪੰਜਾਬ ਅਤੇ ਹਰਿਆਣਾ ਰਾਜ ਭਵਨਾਂ ਦੇ ਨਾਂ ਅਧਿਕਾਰਤ ਤੌਰ 'ਤੇ ਬਦਲ ਕੇ ਲੋਕ ਭਵਨ ਕਰ ਦਿੱਤੇ ਗਏ ਨੇ.
- ਪੰਜਾਬ ਭਰ ਦੀਆਂ ਜੇਲ੍ਹਾਂ ਵਿੱਚ ਕਿੱਤਾ ਮੁਖੀ ਪਹਿਲ ਕਦਮੀਆਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਭਲਕੇ ਇੱਕ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਜਾਏਗੀ.

- ਮੌਸਮ ਵਿਭਾਗ ਨੇ ਅੱਜ ਪੰਜਾਬ ਅਤੇ ਹਰਿਆਣਾ ਵਿੱਚ ਸੀਤ ਲਹਿਰ ਦੀ ਪੇਸ਼ੀਨਗੋਈ ਕੀਤੀ ਏ। ਹਿਮਾਚਲ ਪ੍ਰਦੇਸ਼ 'ਚ ਵੀ ਕੁਝ ਥਾਵਾਂ 'ਤੇ ਧੁੰਦ ਪੈਣ ਦੀ ਸੰਭਾਵਨਾ ਏ।
- ਮਰਦਾਂ ਦੇ FIH ਹਾਕੀ ਜੂਨੀਅਰ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿੱਚ ਅੱਜ ਚੇਨਈ ਵਿੱਚ, ਭਾਰਤ ਦਾ ਮੁਕਾਬਲਾ ਬੈਲਜੀਅਮ ਨਾਲ ਹੋਵੇਗਾ। ਇਹ ਮੈਚ ਰਾਤ 8 ਵਜੇ ਸ਼ੁਰੂ ਹੋਵੇਗਾ।

**ਇਸਦੇ ਨਾਲ ਹੀ ਖਬਰਾਂ ਦਾ ਹ ਬੁਲੇਟਿਨ ਖਤਮ ਹੋਇਆ ਸਾਡਾ ਅਗਲਾ ਰਾਸ਼ਟਰੀ ਖਬਰਾਂ ਦਾ ਬੁਲੇਟਿਨ ਤੁਸੀਂ ਸੁਣੋ ਗੇ ਠੀਕ ਸਾਢੇ 7 ਵਜੇ ਨਮਸਕਾਰ ।**